

# ਪ੍ਰੈਸ ਰਲੀਜ਼ ਚੰਡੀਗੜ੍ਹ, ਮਿਤੀ 4 ਨਵੰਬਰ, 2008

ਮਿਤੀ 3 ਤੋਂ 7 ਦਸੰਬਰ, 2008 ਤੱਕ ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲਾ ਸ਼ਹਿਰਾਂ ਵਿੱਚ 17ਵੀਆਂ ਸਰਵ ਭਾਰਤੀ ਵਣ ਖੇਡਾਂ, ਜੋ ਕਿ ਪੰਜਾਬ ਵਣ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਹਨ, ਦੀ **ਪਰਦਾ ਚੁੱਕਣ** ਦੀ ਰਸਮ ਦੇ ਸਬੰਧ ਵਿੱਚ ਮਾਨਯੋਗ **ਸ੍ਰੀ ਤੀਕਸ਼ਨ ਸੂਦ, ਵਣ ਮੰਤਰੀ ਜੀ** ਵੱਲੋਂ ਮਿਤੀ 4 ਨਵੰਬਰ, 2008 ਨੂੰ ਇਕ ਪ੍ਰੈਸ ਕਾਨਫਰੰਸ ਕੀਤੀ ਗਈ ।

ਮੀਡੀਆ ਦੀ ਇਸ ਭਰਵੀਂ ਕਾਨਫਰੰਸ ਵਿੱਚ ਮਾਨਯੋਗ ਵਣ ਮੰਤਰੀ ਜੀ ਵੱਲੋਂ ਵਿਸਥਾਰਪੂਰਵਕ ਦੱਸਿਆ ਗਿਆ ਕਿ ਇਨ੍ਹਾਂ ਗੌਰਵਮਈ ਵਣ ਖੇਡਾਂ ਵਿੱਚ ਭਾਰਤ ਦੇ ਸਾਰੇ ਰਾਜਾਂ ਦੇ ਵਣ ਵਿਭਾਗ ਅਤੇ ਹੋਰ ਵਣ ਸਬੰਧਿਤ ਸੰਸਥਾਵਾਂ ਵੱਲੋਂ ਲਗਭਗ 2000 ਖਿਡਾਰੀ ਅਤੇ ਪ੍ਰਬੰਧਕ ਹਿੱਸਾ ਲੈਣਗੇ। ਵਣ ਮੰਤਰੀ ਜੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਤਰ੍ਹਾਂ ਦੇ ਖੇਡ ਸਮਾਗਮਾਂ ਦੀ ਨਾ ਕੇਵਲ ਵਣ ਵਿਭਾਗ ਦੇ ਵੱਖ-ਵੱਖ ਕੇਡਰਾਂ ਦੀ ਪੁਖਤਾ ਸਿਹਤ ਵਾਸਤੇ ਲੋੜ ਹੈ ਬਲਕਿ ਵਣ ਸੇਵਾਵਾਂ ਵਿੱਚ ਭਰਾਤਰੀ ਭਾਵ ਅਤੇ ਆਪਸੀ ਸਹਿਯੋਗ ਨੂੰ ਬੜ੍ਹਾਵਾ ਦੇਣ ਲਈ ਵੀ ਲੋੜ ਹੈ । ਵਣ ਮੰਤਰੀ ਜੀ ਨੇ ਇਹ ਸੂਚਨਾ ਵੀ ਦਿੱਤੀ ਕਿ ਇਨ੍ਹਾਂ ਖੇਡਾਂ ਦਾ ਉਦਘਾਟਨ ਯੂਨੀਵਰਸਿਟੀ ਕੈਂਪਸ ਵਿੱਚ **ਮਾਨਯੋਗ ਮੁੱਖ ਮੰਤਰੀ ਪੰਜਾਬ ਜੀ** ਵੱਲੋਂ ਕੀਤੇ ਜਾਣ ਦੀ ਆਸ ਹੈ, ਜਿਸ ਵਿੱਚ ਕੇਂਦਰ ਅਤੇ ਰਾਜਾਂ ਤੋਂ ਮੰਤਰੀ ਸਹਿਬਾਨ ਅਤੇ ਹੋਰ ਅਦਾਰਿਆਂ ਤੋਂ ਉੱਘੀਆਂ ਹਸਤੀਆਂ ਸੁਸ਼ੋਭਿਤ ਹੋਣਗੀਆਂ । ਮੰਤਰੀ ਜੀ ਨੇ ਯੂਨੀਵਰਸਿਟੀ ਦੇ ਉਪ ਕੁੱਲਪਤੀ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਇਹ ਖੇਡਾਂ ਯੂਨੀਵਰਸਿਟੀ ਦੇ ਹਰੇ ਭਰੇ, ਖੁੱਲੇ ਅਤੇ ਢੁੱਕਵੇ ਕੈਂਪਸ ਵਿੱਚ ਕਰਾਉਣ ਲਈ ਵਣ ਵਿਭਾਗ ਨੂੰ ਦਿਲ ਖੋਲ੍ਹ ਕੇ ਸਹਿਯੋਗ ਦਿੱਤਾ ਹੈ ।

ਸ਼੍ਰੀ ਬੀ.ਸੀ. ਬਾਲਾ, ਆਈ.ਐਫ.ਐਸ., ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਵੱਲੋਂ ਮੀਡੀਆ ਨੂੰ ਦੱਸਿਆ ਗਿਆ ਕਿ ਇਨ੍ਹਾਂ ਖੇਡਾਂ ਵਿੱਚ ਕੁੱਲ 138 ਈਵੈਂਟਸ ਹੋਣਗੇ, ਜਿਨ੍ਹਾਂ ਵਿੱਚ ਅਥਲੈਟਿਕਸ, ਕ੍ਰਿਕਟ, ਵਾਲੀਬਾਲ, ਹਾਕੀ, ਫੁੱਟਬਾਲ, ਬਾਸਕਟ ਬਾਲ, ਪਾਵਰ ਲਿਫਟਿੰਗ, ਬੈਡਮਿੰਟਨ, ਟੈਨਿਸ, ਟੇਬਲ ਟੈਨਿਸ, ਕੈਰਮ, ਗੋਲਫ, ਬਿਲੀਅਰਡ, ਸਨੂਕਰ, ਬਰਿੱਜ, ਰਾਈਫਲ ਸ਼ੂਟਿੰਗ, ਤੈਰਾਕੀ ਅਤੇ ਕਬੱਡੀ ਵਗੈਰਾ ਸ਼ਾਮਲ ਹਨ । ਪ੍ਰਧਾਨ ਮੁੱਖ ਵਣ ਪਾਲ, ਪੰਜਾਬ ਨੇ ਯੂ.ਟੀ. ਚੰਡੀਗੜ੍ਹ ਖੇਡ ਵਿਭਾਗ ਦੀ ਇਸ ਗੱਲੋਂ ਸਰਾਹਣਾ ਕੀਤੀ ਕਿ ਉਨ੍ਹਾਂ ਨੇ ਇਨ੍ਹਾਂ ਖੇਡਾਂ ਨੂੰ ਅੰਤਰ-ਰਾਸ਼ਟਰੀ ਮਾਪ ਦੰਡ ਦੀਆਂ ਕਰਾਉਣ ਲਈ ਕੁਸ਼ਲ ਰੈਫਰੀਆਂ ਵਗੈਰਾ ਦਾ ਪ੍ਰਬੰਧ ਕੀਤਾ ਗਿਆ ਹੈ । ਪ੍ਰਧਾਨ ਮੁੱਖ ਵਣ ਪਾਲ ਨੇ ਇਹ ਵੀ ਦਸਿਆ ਕਿ ਉਦਘਾਟਨੀ ਸਮਾਰੋਹ ਇਕ ਅਲੋਕਿਕ ਨਜ਼ਾਰਾ ਹੋਵੇਗਾ ਜਿਸ ਵਿੱਚ ਸੱਭਿਆਚਾਰਕ ਰੰਗਾ-ਰੰਗ ਪ੍ਰੋਗਰਾਮ, ਫੌਜੀ ਮੋਟਰਸਾਈਕਲ ਸਵਾਰਾਂ ਵੱਲੋਂ ਦਿਲਚਸਪ ਕਰਤੱਵ, ਝਾਕੀਆਂ ਅਤੇ ਆਤਿਸ਼ਬਾਜੀ ਦਾ ਪ੍ਰਦਸ਼ਨ ਹੋਵੇਗਾ । ਇਨ੍ਹਾਂ ਖੇਡਾਂ ਦਾ ਜ਼ੋਰਦਾਰ ਪ੍ਰਚਾਰ ਕੀਤਾ ਜਾਵੇਗਾ ਜਿਸ ਨਾਲ ਇਸ ਸਮਾਰੋਹ ਵਿੱਚ ਵੱਡੇ ਪੱਧਰ ਤੇ ਨੌਜਵਾਨ ਵਰਗ ਅਤੇ ਆਮ ਪਬਲਿਕ ਸ਼ਾਮਲ ਹੋਣਗੇ । ਲੋਕਾਂ ਲਈ ਰੋਜ਼ਾਨਾ ਮਨੋਰੰਜਨ ਦੇ ਪ੍ਰੋਗਰਾਮ, ਕੁਇਜ ਮੁਕਾਬਲੇ, ਨੁਮਾਇਸ਼ ਆਦਿ ਦਾ ਆਯੋਜਨ ਵੀ ਕੀਤਾ ਜਾਵੇਗਾ ਜੋ ਆਮ ਪਬਲਿਕ ਅਤੇ ਮੀਡੀਆ ਲਈ ਆਕਰਸ਼ਨ ਦਾ ਸਾਧਨ ਬਣੇਗਾ।

ਸ਼੍ਰੀ ਐਚ.ਐਸ. ਗੁਜਰਾਲ, ਆਈ.ਐਫ.ਐਸ., ਵਧੀਕ ਪ੍ਰਧਾਨ ਮੁੱਖ ਵਣ ਪਾਲ (ਵਿਕਾਸ) ਨੇ ਇਨ੍ਹਾਂ ਗੌਰਵਮਈ ਖੇਡਾਂ ਦਾ ਸੰਚਾਲਨ ਢੁੱਕਵੇ ਢੰਗ ਨਾਲ ਕਰਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਸੰਖੇਪ ਤੌਰ ਤੇ ਦੱਸਿਆ । ਉਨ੍ਹਾਂ ਨੇ ਦੱਸਿਆ ਕਿ ਇਸ ਮਹਾ-ਸਮਾਗਮ ਲਈ ਰਿਹਾਇਸ਼ੀ ਪ੍ਰਬੰਧਾਂ, ਆਵਾਜਾਈ ਦੇ ਸਾਧਨਾਂ, ਖਾਣ-ਪੀਣ ਦੇ ਪ੍ਰਬੰਧ, ਖੇਡਾਂ ਦੇ ਮੈਦਾਨਾਂ ਦੀ ਬੁਕਿੰਗ, ਪ੍ਰਕਾਸ਼ਨ ਅਤੇ ਗੇਮਜ਼ ਫਿਕਸਚਰ (ਗੁਣੇ) ਆਦਿ ਬਾਰੇ ਗਠਿਤ ਵਿਭਾਗੀ ਕਮੇਟੀਆਂ ਵੱਲੋਂ ਪ੍ਰਬੰਧ ਲਗਭਗ ਪੂਰੇ ਕਰ ਲਏ ਗਏ ਹਨ ।

ਮੇਜ਼ਬਾਨ ਪੰਜਾਬ ਰਾਜ ਅਤੇ 41 ਹੋਰ ਪ੍ਰਦੇਸ਼ਾਂ/ ਵਣ ਸੰਸਥਾਵਾਂ ਵਿਚਕਾਰ ਤਾਲਮੇਲ ਵਾਸਤੇ ਉਨ੍ਹਾਂ ਦੇ ਨੋਡਲ ਅਫਸਰਾਂ ਦੀਆਂ ਮੀਟਿੰਗਾਂ ਰੈਗੂਲਰ ਤੌਰ ਤੇ ਕੀਤੀਆਂ ਗਈਆਂ ਹਨ ਜਿਨ੍ਹਾਂ ਦੀ ਆਖਰੀ ਮੀਟਿੰਗ 3 ਨਵੰਬਰ ਨੂੰ ਕੀਤੀ ਗਈ ਹੈ, ਜਿਸ ਵਿੱਚ ਮਹੱਵਤਪੂਰਨ ਫੈਸਲੇ ਲਏ ਗਏ ਹਨ । ਗੇਮਜ਼ ਡਾਇਰੈਕਟਰ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਕਿ ਇਨ੍ਹਾਂ ਖੇਡਾਂ ਦਾ ਸੰਚਾਲਨ ਪ੍ਰੋਫੈਸ਼ਨਲ ਢੰਗ ਨਾਲ ਕਰਨ ਵਾਸਤੇ ਇਕ ਦਿੱਲੀ ਦੀ ਉੱਘੀ ਈਵੈਂਟ ਮਨੈਜਮੈਂਟ ਫਰਮ **ਮੈਸ: ਰੀਆ ਕਮਿਊਨੀਕੇਸ਼ਨ** ਜੋ ਕਿ

ਯੂ.ਐਨ.ਓ. ਨਾਲ ਵੀ ਜੁੜੀ ਹੋਈ ਹੈ, ਦਾ ਸਹਿਯੋਗ ਲਿਆ ਗਿਆ ਹੈ । ਇਸ ਫਰਮ ਨੂੰ ਉਦਘਾਟਨੀ ਅਤੇ ਕਲੋਜਿੰਗ ਸਮਾਰੋਹਾਂ, ਸੂਬਿਆਂ ਤੋਂ ਆਉਣ ਵਾਲੀਆਂ ਖਿਡਾਰੀ ਟੀਮਾਂ ਨਾਲ ਤਾਲਮੇਲ ਕਰਨ ਅਤੇ ਵਿਭਾਗ ਨੂੰ ਹੋਰ ਮੱਦਦ ਦੇਣ ਲਈ ਨਿਯੁਕਤ ਕੀਤਾ ਗਿਆ ਹੈ ।

ਉਨ੍ਹਾਂ ਵੱਲੋਂ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਕਿ ਪ੍ਰਿੰਟ ਅਤੇ ਟੀ.ਵੀ. ਕਵਰੇਜ ਵਾਸਤੇ ਮੁੱਖ ਅਖਬਾਰਾਂ ਅਤੇ ਇਲੈਕਟਰੋਨਿਕ ਮੀਡੀਆ ਦੇ ਵਿਸਥਾਰ ਪੂਰਵਕ ਪ੍ਰਬੰਧ ਕੀਤੇ ਗਏ ਹਨ । ਸਰਕਾਰੀ ਖਜਾਨੇ ਤੇ ਭਾਰ ਘਟਾਉਣ ਲਈ "ਪਬਲਿਕ ਪੀਪਲ ਪਾਰਟੀਸਿਪੇਸ਼ਨ ਢੰਗ" ਆਰਗੇਨਾਈਜੇਸ਼ਨ ਕਮੇਟੀ ਵੱਲੋਂ ਅਪਨਾਇਆ ਗਿਆ ਹੈ ਤਾਂ ਕਿ ਖੇਡਾਂ ਲਈ ਕੁੱਝ ਬਜਟ ਇਸ ਸਾਧਨ ਰਾਹੀਂ ਵੀ ਜੁਟਾਇਆ ਜਾ ਸਕੇ । "ਮੀਡੀਆ ਕੰਮਪੇਨ" ਅਤੇ ਯੋਗ "ਸਪਾਂਸਰਸ਼ਿੱਪ" ਪ੍ਰਾਪਤ ਕਰਨ ਲਈ "ਏਸੈਂਟ ਮੀਡੀਆ ਸਲੂਸ਼ਨ ਲਿਮ:, ਚੰਡੀਗੜ੍ਹ" ਨਾਂ ਦੀ ਫਰਮ ਨੂੰ ਵੀ ਨਿਯੁਕਤ ਕੀਤਾ ਗਿਆ ਹੈ । ਆਰਗੇਨਾਈਜੇਸ਼ਨ ਕਮੇਟੀ ਵੱਲੋਂ ਸਪਾਂਸਰਾਂ ਦੇ ਪ੍ਰਚਾਰ ਲਈ ਮੀਡੀਆ ਵਿੱਚ ਇਸ਼ਤਿਹਾਰਾਂ, ਗੇਮਜ਼ ਸਾਵੀਨੀਅਰ, ਗੇਮਜ਼ ਸਬੰਧੀ ਹੋਰ ਪ੍ਰਕਾਸ਼ਨਾਂ ਵਿੱਚ, ਵੱਖ-ਵੱਖ ਖੇਡ ਗਰਾਊਂਡਾਂ ਵਿੱਚ ਹੋਰਡਿੰਗਜ਼/ ਆਕਰਸ਼ਿਤ ਸਟਾਲਸ ਅਤੇ ਪ੍ਰੈਸ/ ਟੀ.ਵੀ. ਰਾਹੀਂ ਪ੍ਰਚਾਰ ਦਾ ਵਿਸ਼ਾਲ ਪ੍ਰਬੰਧ ਕੀਤਾ ਗਿਆ ਹੈ ।

ਪ੍ਰੈਸ ਕਾਨਫਰੰਸ ਦੇ ਅੰਤ ਵਿੱਚ ਮਾਨਯੋਗ ਮੰਤਰੀ ਜੀ ਨੇ 17ਵੀਆਂ ਸਰਵ ਭਾਰਤੀ ਵਣ ਖੇਡਾਂ ਦੇ ਪਰਦਾ ਉਠਾਉਣ ਦੀ ਰਸਮ ਵੱਜੋਂ ਇਕ ਆਕਰਸ਼ਿਤ **ਮੈਸਕਟ** ਰਲੀਜ਼ ਕੀਤਾ । ਉਨ੍ਹਾਂ ਇਹ ਦੱਸਿਆ ਕਿ ਮੈਸਕੱਟ ਦਾ ਨਾਂ **ਐਨਾ** ਰੱਖਿਆ ਗਿਆ ਹੈ ਜਿਹੜਾ ਕਿ ਪੰਜਾਬ ਰਾਜ ਦੇ ਸਟੇਟ ਐਨੀਮਲ "ਬਲੈਕ ਬੱਕ" ਦਾ ਸੰਸਕ੍ਰਿਤ ਉਲੱਥਾ ਹੈ । ਉਨ੍ਹਾਂ ਇਹ ਵੀ ਦੱਸਿਆ ਕਿ ਖੇਡਾਂ ਦੇ **ਲੋਗੋ** ਵਿੱਚ ਦਰਸਾਇਆ ਪੰਛੀ **ਬਾਜ**, ਪੰਜਾਬ ਰਾਜ ਦਾ ਸਟੇਟ ਬਰਡ ਹੈ ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਜੁੜਿਆ ਹੋਇਆ ਹੈ ਅਤੇ ਇਹ ਉਨ੍ਹਾਂ ਦੇ ਹੱਥ ਤੇ ਸੁਸ਼ੋਭਿਤ ਹੈ । ਬਾਜ ਖੇਡਾਂ ਦਾ ਪ੍ਰਤੀਕ ਹੈ ਅਤੇ ਗੁਰੂ ਜੀ ਵੱਲੋ ਸ਼ਿਕਾਰ ਖੇਡਣ, ਨਿਰਦੋਸ਼ਾਂ ਦੀ ਮੱਦਦ ਕਰਨ ਅਤੇ ਭੈੜੀਆਂ ਤਾਕਤਾਂ ਵਿਰੁੱਧ ਲੜਨ ਲਈ ਵਰਤਿਆ ਜਾਂਦਾ ਸੀ ।

ਮਾਨਯੋਗ ਮੰਤਰੀ ਜੀ ਅਤੇ ਖੇਡ ਪ੍ਰਬੰਧਕਾਂ ਵੱਲੋਂ ਮੀਡੀਆ ਨੂੰ ਬੇਨਤੀ ਕੀਤੀ ਗਈ ਕਿ ਪੰਜਾਬ ਦੇ ਇਸ ਸਮਾਰੋਹ ਦੇ ਮਨੋਰਥ ਨੂੰ ਪੂਰਾ ਕਰਨ ਲਈ ਉੱਚ ਪੱਧਰ ਤੇ ਕਵਰੇਜ ਦਿੱਤੀ ਜਾਵੇ ਕਿਉਂਕਿ ਪੰਜਾਬ ਦਾ ਖੇਡ ਸੱਭਿਆਚਾਰਕ ਵਿਰਸਾ ਬਹੁਤ ਅਮੀਰ ਹੈ ।